ਇਹ ਸੇਵਾਵਾਂ ਜੇ ਕਿਸੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਦੁਆਰਾ ਲੋੜ ਅਨੁਸਾਰ ਨਿਰਧਾਰਤ ਕੀਤੀਆਂ ਹਨ, ਤਾਂ ਟੀਮ:

- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚਿਆਂ ਜਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਦੀ ਪ੍ਰਗਤੀ ਦੀ ਘਾਟ ਨੂੰ ਹੱਲ ਕਰ ਸਕਦੀ ਹੈ।
- ਖੁੰਝੀ ਹੋਈ ਸਪੇਸ਼ਲ ਏਜੁਕੇਸ਼ਨ ਜਾਂ ਸਬੰਧਤ ਸੇਵਾਵਾਂ ਪ੍ਰਦਾਨ ਕਰ ਸਕਦੀ ਹੈ ਅਤੇ ਨਾਲ ਹੀ
- ਵਿਦਿਆਰਥੀਆਂ ਨੂੰ ਉਹਨਾਂ ਦੇ ਸੈਕੰਡਰੀ ਤੋਂ ਬਾਅਦ ਦੇ ਟੀਚਿਆਂ (ਜਿਵੇਂ ਕਿ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਅਤੇ HSBP [ਹਾਈ ਸਕੂਲ ਐਂਡ ਬੇਯੋਂਡ ਪਲਾਨ, High School and Beyond Plan] ਵਿੱਚ ਦਰਸਾਇਆ ਗਿਆ ਹੈ) ਵੱਲ ਤਰੱਕੀ ਦੇ ਉਮੀਦ ਵਾਲੇ ਪੱਧਰ ਤੇ ਵਾਪਸ ਜਾਣ ਲਈ ਸਹਾਇਤਾ ਕਰ ਸਕਦੀ ਹੈ।

ਮੈਂ ਇਥੇ ਕੁਝ ਬਿੰਦੂ ਦੱਸਣਾ ਚਾਹੁੰਦਾ/ਚਾਹੁੰਦੀ ਹਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਇਹ ਨਿਰਧਾਰਤ ਕਰਨ ਲਈ ਜ਼ਿੰਮੇਵਾਰ ਹੈ ਕਿ ਜਦੋਂ ਕੋਈ ਵਿਦਿਆਰਥੀ ਆਪਣੀਆਂ ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ ਜਿਸ ਵਿੱਚ ਉਸਦੇ ਨਾ ਸਿਰਫ ਕ੍ਰੈਡਿਟ ਅਤੇ ਗ੍ਰੈਜੂਏਸ਼ਨ ਪਾਥਵੇ ਹੋਣ, ਬਲਕਿ ਉਸ ਦਾ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਡਿਸ਼ਨ ਪਲਾਨ ਅਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ ਵੀ ਸ਼ਾਮਲ ਹੋਣ। ਜਦੋਂ ਕੋਈ ਵਿਦਿਆਰਥੀ ਆਪਣਾ ਡਿਪਲੋਮਾ ਕਰ ਲੈਂਦਾ ਹੈ, ਇਸਦੀ ਵਜ੍ਹਾ ਇਹ ਹੈ ਕਿ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੇ ਇਹ ਨਿਸ਼ਚਤ ਕੀਤਾ ਹੈ ਕਿ ਉਨ੍ਹਾਂ ਨੇ ਗ੍ਰੈਜੂਏਸ਼ਨ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਲਈਆਂ ਹਨ ਅਤੇ ਇਹ ਕਿ ਉਨ੍ਹਾਂ ਨੂੰ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਸਮੇਤ ਕਿਸੇ ਵੀ ਅਤਿਰਿਕਤ ਸਪੇਸ਼ਲ ਏਜੁਕੇਸ਼ਨ ਸੇਵਾਵਾਂ ਦੀ ਜ਼ਰੂਰਤ ਨਹੀਂ ਹੈ। IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਨੂੰ ਡਿਪਲੋਮਾ ਜਾਰੀ ਨਹੀਂ ਕਰਨਾ ਚਾਹੀਦਾ ਅਤੇ ਉਨ੍ਹਾਂ ਨੂੰ ਇਹ ਆਪਣੇ ਕੋਲ ਰੱਖਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਪ੍ਰਾਪਤ ਕਰ ਸਕਣ।

ਇੱਕ ਹੋਰ ਗੱਲ ਇਹ ਹੈ ਕਿ: ਸੀਨੀਅਰ ਜੋ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਪ੍ਰਾਪਤ ਕਰਨਾ ਜਾਂ ਟ੍ਰਾਂਜਿਸ਼ਨ ਪ੍ਰੋਗ੍ਰਾਮ ਵਿਚ ਹਿੱਸਾ ਲੈਣਾ ਜਾਰੀ ਰੱਖ ਰਹੇ ਹਨ ਉਹ ਆਪਣੇ ਹਾਣੀਆਂ ਨਾਲ ਮਿਲ ਕੇ ਗ੍ਰੈਜੂਏਸ਼ਨ ਦੀਆਂ ਸਾਰੀਆਂ ਗਤੀਵਿਧੀਆਂ ਵਿਚ ਭਾਗ ਲੈ ਸਕਦੇ ਹਨ। ਇਹ ਵਿਦਿਆਰਥੀ ਗ੍ਰੈਜੂਏਸ਼ਨ ਸੇਰੇਮਨੀ ਦੌਰਾਨ ਹਾਜ਼ਰੀ ਦਾ ਸਰਟੀਫਿਕੇਟ ਪ੍ਰਾਪਤ ਕਰ ਸਕਦੇ ਹਨ ਅਤੇ ਫਿਰ ਉਨ੍ਹਾਂ ਨੂੰ ਡਿਪਲੋਮਾ ਪ੍ਰਾਪਤ ਹੋਏਗਾ ਜਦੋਂ ਉਹ ਆਪਣੀਆਂ ਸਾਰੀਆਂ ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ, ਅਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨਿਰਧਾਰਤ ਕਰਦੀ ਹੈ ਕਿ ਹੁਣ ਕਿਸੇ ਅਤਿਰਿਕਤ ਸਪੇਸ਼ਲ ਏਜੂਕੇਸ਼ਨ ਸੇਵਾਵਾਂ ਦੀ ਲੋੜ ਨਹੀਂ ਹੋਵੇ। ਕੇਵਿਨ ਦੇ ਲਾਅ (RCW 28A.155.170) ਦੇ ਨਾਲ ਉਹ ਵਿਦਿਆਰਥੀ, ਜੋ 18 ਤੋਂ 21 ਸਾਲ ਦੀ ਉਮਰ ਦੇ ਵਿਚਕਾਰ ਵਿਸ਼ੇਸ਼ ਵਿਦਿਅਕ ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖਣਗੇ, ਚਾਰ ਸਾਲਾਂ ਦੀ ਹਾਈ ਸਕੂਲ ਦੀ ਹਾਜ਼ਰੀ ਤੋਂ ਬਾਅਦ ਗ੍ਰੈਜੂਏਸ਼ਨ ਸੇਰੇਮਨੀ ਅਤੇ ਆਪਣੇ ਹਾਣੀਆਂ ਦੇ ਨਾਲ ਗਤੀਵਿਧੀਆਂ ਵਿੱਚ ਹਿੱਸਾ ਲੈ ਅਤੇ ਹਾਜ਼ਰੀ ਦਾ ਪ੍ਰਮਾਣਪੱਤਰ ਪ੍ਰਾਪਤ ਕਰ ਸਕਦੇ ਹਨ।

## ਸਕੂਲ ਟ੍ਰਾਂਜਿਸ਼ਨ ਰਿਕਵਰੀ ਲਈ ਕੀ ਕਰ ਰਹੇ ਹਨ?

- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਨਾਲ ਟ੍ਰਾਂਜਿਸ਼ਨ ਉਮਰ ਦੇ ਹਰੇਕ ਵਿਦਿਆਰਥੀ ਲਈ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਮੰਨੀਆਂ ਜਾਂਦੀਆਂ ਹਨ: ਜੇ ਮਹਾਂਮਾਰੀ ਨਾ ਵਾਪਰਦੀ ਤਾਂ ਕੋਵਿਡ ਤੋਂ ਪਹਿਲਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਅਤੇ ਟ੍ਰਾਂਜਿਸ਼ਨ ਪਲਾਨ 'ਤੇ ਪ੍ਰਗਤੀ ਦਾ ਅਨੁਮਾਨਿਤ ਪੱਧਰ ਕੀ ਸੀ?
- ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਇਹ ਪ੍ਰਕਿਰਿਆ ਕਰਾਉਣ ਲਈ ਬੇਨਤੀ ਨਹੀਂ ਕਰਨੀ ਚਾਹੀਦੀ; ਇਹ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਪ੍ਰਕਿਰਿਆ ਦਾ ਹਿੱਸਾ ਹੋਣਾ ਚਾਹੀਦਾ ਹੈ।
- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਦੀ ਘੱਟੋ ਘੱਟ ਸਲਾਨਾ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ ਦੀ ਪ੍ਰਗਤੀ ਦੀ ਘਾਟ, ਮਾਪਿਆਂ ਦੁਆਰਾ ਜਾਣਕਾਰੀ, ਅਤੇ/ਜਾਂ ਵਿਦਿਆਰਥੀ ਦੀਆਂ ਉਮੀਦ ਵਾਲੀਆਂ ਲੋੜਾਂ ਬਾਰੇ ਵਿਚਾਰ ਕਰਨ ਲਈ ਅਕਸਰ ਸਮੀਖਿਆ ਵੀ ਕੀਤੀ ਜਾ ਸਕਦੀ ਹੈ।

Washington Office of Superintendent of
PUBLIC INSTRUCTION

24

ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਲਈ ਸਾਰੇ ਰਿਕਵਰੀ ਫੈਸਲਿਆਂ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਨੂੰ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਵਾਲੇ ਹਰੇਕ ਵਿਦਿਆਰਥੀ ਲਈ ਵਿਚਾਰਿਆ ਜਾਣਾ ਚਾਹੀਦਾ ਹੈ। ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਟ੍ਰਾਂਜਿਸ਼ਨ ਉਮਰ ਦੇ 16 ਤੋਂ 21 ਸਾਲ ਦੇ ਵਿਦਿਆਰਥੀਆਂ ਲਈ ਖਾਸ ਹੋਣਗੀਆਂ

ਰਿਕਵਰੀ ਸੇਵਾਵਾਂ 'ਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਦੇ ਫੈਸਲੇ ਇਸ ਗੱਲ' ਤੇ ਅਧਾਰਤ ਹੋਣਗੇ ਕਿ ਜੇ ਮਹਾਂਮਾਰੀ ਨਹੀਂ ਹੁੰਦੀ ਤਾਂ ਕੋਵਿਡ ਤੋਂ ਪਹਿਲਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਅਤੇ ਟ੍ਰਾਂਜਿਸ਼ਨ ਪਲਾਨ 'ਤੇ ਪ੍ਰਗਤੀ ਦਾ ਅਨੁਮਾਨਤ ਪੱਧਰ ਕੀ ਹੁੰਦਾ।
ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਇਹ ਪ੍ਰਕਿਰਿਆ ਕਰਾਉਣ ਲਈ ਬੇਨਤੀ ਨਹੀਂ ਕਰਨੀ ਚਾਹੀਦੀ; ਇਹ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਪ੍ਰਕਿਰਿਆ ਦਾ ਹਿੱਸਾ ਹੋਣਾ ਚਾਹੀਦਾ ਹੈ। IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਪ੍ਰਕਿਰਿਆ ਵਿੱਚ ਘੱਟੋ ਘੱਟ ਇੱਕ ਸਲਾਨਾ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਸਮੀਖਿਆ ਸ਼ਾਮਲ ਹੁੰਦੀ ਹੈ ਪਰ ਹੋ ਸਕਦਾ ਹੈ ਕਿ ਵਿਦਿਆਰਥੀਆਂ ਦੀ ਜ਼ਰੂਰਤ, IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ ਦੀ ਪ੍ਰਗਤੀ ਜਾਂ ਮਾਪਿਆਂ ਦੀ ਜਾਣਕਾਰੀ ਦੇ ਅਧਾਰ ਤੇ ਅਕਸਰ ਸਮੀਖਿਆ ਵੀ ਹੋਵੇ।

# ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦਾ ਉਦਾਹਰਣ

- ਬਾਲਗ ਏਜੰਸੀਆਂ ਦੇ ਨਾਲ ਯੋਗਤਾ ਲਈ ਅਰਜੀ ਦੇਣ ਲਈ ਸਹਾਇਤਾ, ਜਿਸ ਵਿੱਚ ਪੇਸ਼ੇਵਰ ਮੁੜ ਵਸੇਬਾ ਵਿਭਾਗ (Division of Vocational Rehabilitation, DVR), ਵਿਕਾਸਾਤਮਕ ਅਪਾਹਜਤਾ ਸੰਚਾਲਨ (Developmental Disabilities Administration, DDA), ਆਦਿ ਸ਼ਾਮਲ ਹਨ।
- IEP [ਵਿਅਕਤੀਗ੍ਰਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਦੇ ਅਨੁਸਾਰ ਦਰਸਾਏ ਗਏ ਕੰਮ ਨੂੰ ਪੂਰਾ ਕਰਨਾ।
- ਅਤਿਰਿਕਤ ਵਿਅਕਤੀਗਤ ਢਾਂਚਾਗਤ ਕਮਿਊਨਿਟੀ ਜਾਂ ਰੁਜ਼ਗਾਰ ਦੇ ਤਜ਼ਰਬੇ।
- ACT [ਅਮੇਰਿਕਨ ਕਾਲਜ ਟੈਸਟਿੰਗ, American College Testing]/SAT [ਸਕਾਲਿਸਟਿਕ ਅਸੈਸਮੈਂਟ ਟੈਸਟ, Scholastic Assessment Test] ਜਾਂ ਹੋਰ ਕਾਲਜ ਪ੍ਰਵੇਸ਼ ਪ੍ਰੀਖਿਆਵਾਂ ਦੀ ਪਹੁੰਚ ਅਤੇ ਤਿਆਰੀ ਲਈ ਸਹਾਇਤਾ।
- ਸਮਰਥਨ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਹਦਾਇਤ (Specially Designed Instruction, SDI) ਜਾਂ ਸੰਬੰਧਿਤ ਸੇਵਾਵਾਂ (Related Services, RS):
  - ਰੈਜ਼ਿਊਮੇ ਨੂੰ ਤਿਆਰ ਕਰਨਾ ਅਤੇ ਇਸਨੂੰ ਸੰਸ਼ੋਧਿਤ ਕਰਨਾ।
  - ਨੌਕਰੀਆਂ ਅਤੇ ਅਗਲੀ ਸਿੱਖਿਆ ਲਈ ਅਰਜੀਆਂ ਨੂੰ ਪੂਰਾ ਕਰਨਾ।
  - ਇੱਕ ਹਫਤਾਵਾਰੀ ਬਜਟ ਨਿਰਧਾਰਤ ਕਰਨਾ ਅਤੇ ਇਸਨੂੰ ਬਣਾਏ ਰੱਖਣਾ।
  - ਕਮਿਊਨਿਟੀ ਸੈਟਿੰਗਾਂ ਵਿੱਚ ਕਾਰਜਸ਼ੀਲ ਸੰਚਾਰ ਰਣਨੀਤੀਆਂ ਦੀ ਵਰਤੋਂ ਕਰਨਾ।
  - ਸੁਤੰਤਰ ਤੌਰ 'ਤੇ ਪਬਲਿਕ ਟ੍ਰਾਂਸਪੋਰਟੇਸ਼ਨ ਸਿਸਟਮ ਦੀ ਵਰਤੋਂ ਕਰਨਾ।

Washington Office of Superintendent of
PUBLIC INSTRUCTION

25

ਵਿਅਕਤੀਗਤ ਵਿਦਿਆਰਥੀ ਰਿਕਵਰੀ ਸੇਵਾਵਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਦੁਆਰਾ ਨਿਰਧਾਰਤ ਕੀਤੀਆਂ ਜਾਣਗੀਆਂ ਅਤੇ ਇਹ ਵਿਦਿਆਰਥੀ COVID ਤੋਂ ਪਹਿਲਾਂ ਦੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ, ਅਤੇ ਟ੍ਰਾਂਜਿਸ਼ਨ ਪਲਾਨ ਦੇ ਅਧਾਰ ਤੇ ਹੋਣਗੀਆਂ। ਕੁਝ ਉਦਾਹਰਣਾਂ ਇੱਥੇ ਦਿੱਤੇ ਗਏ ਹਨ ਤਾਂ ਉਦਾਹਰਣ ਦੇ ਲਈ ਇਹ ਇਸ ਤਰ੍ਹਾਂ ਦਿਖਾਈ ਦੇ ਸਕਦੇ ਹਨ:

- ਨੌਕਰੀ ਦੀ ਉਮੀਦ।
- ਨੌਕਰੀ ਦੀ ਤਿਆਰੀ ਦੇ ਹੁਨਰ ਲਈ ਸਹਾਇਤਾ।
- ਸਮਰਥਿਤ ਰੁਜ਼ਗਾਰ ਦੇ ਨਾਲ ਯੋਗਤਾ ਲਈ ਅਰਜ਼ੀ ਦੇਣ ਅਤੇ ਹੋਰ ਪ੍ਰਮੁੱਖ ਏਜੰਸੀ ਨੂੰ ਜੋੜਨ ਲਈ ਸਹਾਇਤਾ (ਜਿਵੇਂ ਕਿ DVR ਅਤੇ DDA)।

ਇਹ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚਿਆਂ ਲਈ ਵਿਸ਼ੇਸ਼ ਸਿੱਖਿਆ ਸਹਾਇਤਾ ਦੀ ਤਰ੍ਹਾਂ ਵੀ ਦਿਖਾਈ ਦੇ ਸਕਦਾ ਹੈ ਜਿਵੇਂ ਕਿ:

- ਰੈਜ਼ਿਊਮੇ ਬਣਾਉਣਾ।
- ਨੌਕਰੀਆਂ ਅਤੇ ਸਿੱਖਿਆ ਲਈ ਅਰਜੀਆਂ ਨੂੰ ਪੂਰਾ ਕਰਨਾ।
- ਪੈਸੇ ਦੇ ਪ੍ਰਬੰਧਨ ਦੇ ਹੁਨਰ 'ਤੇ ਕੰਮ ਕਰਨਾ।
- ਕਮਿਊਨਿਟੀ ਸੈਟਿੰਗਾਂ ਵਿੱਚ ਕਾਰਜਸ਼ੀਲ ਸੰਚਾਰ ਰਣਨੀਤੀਆਂ ਦੀ ਵਰਤੋਂ ਕਰਨਾ।
- ਸੁਤੰਤਰ ਤੌਰ 'ਤੇ ਪਬਲਿਕ ਟ੍ਰਾਂਸਿਟ ਸਿਸਟਮ ਦੀ ਵਰਤੋਂ ਕਰਨਾ।

ਇਹ ਸਿਰਫ ਕੁਝ ਕੁ ਉਦਾਹਰਣਾਂ ਹਨ ਕਿ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਕਿਸ ਤਰਾਂ ਦੀਆਂ ਹੋ ਸਕਦੀਆਂ ਹਨ। ਯਾਦ ਰੱਖੋ ਕਿ ਇਹ ਤੁਹਾਡੇ ਵਿਦਿਆਰਥੀਆਂ ਦੇ ਕੋਵਿਡ ਤੋਂ ਪਹਿਲਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਉੱਤੇ ਅਧਾਰਤ ਹੋਣਗੇ ਅਤੇ ਤੁਹਾਡੇ ਵਿਦਿਆਰਥੀ ਲਈ ਵਿਅਕਤੀਗਤ ਹਨ।

## ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦਾ ਕਿਵੇਂ ਦਸਤਾਵੇਜ਼ੀਕਰਨ ਕੀਤਾ ਗਿਆ ਹੈ?

- ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦਾ ਆਮ ਤੌਰ 'ਤੇ ਕੰਪੇਨਸੇਂਟਰੀ ਏਜੂਕੇਸ਼ਨ ਦੇ ਸਮਾਨ ਇੱਕ PWN [ਪਹਿਲੇ ਲਿਖਤੀ ਨੋਟਿਸ, Prior Written Notice] ਵਿੱਚ ਦਸਤਾਵੇਜ਼ੀਕਰਨ ਕੀਤਾ ਜਾਂਦਾ ਹੈ।
- ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਅਤੇ "ਸਕੂਲ ਦਾ ਦਿਨ" ਦਾ ਅਰਥ ਟ੍ਰਾਂਜਿਸ਼ਨ ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੱਖਰਾ ਲੱਗ ਸਕਦਾ ਹੈ, ਖ਼ਾਸਕਰ 21 ਉਮਰ ਤੋਂ ਛੋਟੇ ਵਿਦਿਆਰਥੀਆਂ ਲਈ।
- 21 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀ ਹੁਣ ਕਿਸੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਦੁਆਰਾ ਮੁਫਤ ਅਤੇ ਢੁਕਵੀਂ ਜਨਤਕ ਸਿੱਖਿਆ (free and appropriate public education, FAPE) ਦੇ ਯੋਗ ਨਹੀਂ ਹੁੰਦੇ। ਜੋ ਵਿਦਿਆਰਥੀਆਂ ਨੇ ਅਜੇ ਤੱਕ ਡਿਪਲੋਮਾ ਨਹੀਂ ਪ੍ਰਾਪਤ ਕੀਤਾ ਹੈ, IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨਿਰਧਾਰਤ ਕਰ ਸਕਦੀ ਹੈ ਕਿ ਉਨ੍ਹਾਂ ਨੂੰ ਅਜੇ ਵੀ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਲੋੜ ਹੈ।
- ਤਰੱਕੀ ਦੀਆਂ ਰਿਪੋਰਟਾਂ ਵਾਲੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਦੀ ਬਜਾਏ, ਇਹ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਅਤੇ ਟਾਈਮਲਾਈਨ ਦਾ ਇੱਕ PWN [ਪਹਿਲੇ ਲਿਖਤੀ ਨੋਟਿਸ, Prior Written Notice] ਦੁਆਰਾ ਦਸਤਾਵੇਜ਼ੀਕਰਨ ਕੀਤਾ ਜਾਵੇਗਾ।

Washington Office of Superintendent of
PUBLIC INSTRUCTION

26

ਤਾਂ ਇਨ੍ਹਾਂ ਸੇਵਾਵਾਂ ਦਾ ਦਸਤਾਵੇਜ਼ੀਕਰਨ ਕਿਵੇਂ ਹੁੰਦਾ ਹਨ? ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦਾ ਆਮ ਤੌਰ 'ਤੇ ਕੰਪੇਨਸੇਂਟਰੀ ਏਜੂਕੇਸ਼ਨ ਦੇ ਸਮਾਨ ਇੱਕ ਪਹਿਲੇ ਲਿਖਤੀ ਨੋਟਿਸ ਵਿੱਚ ਦਸਤਾਵੇਜ਼ੀਕਰਨ ਕੀਤਾ ਜਾਂਦਾ ਹੈ।

ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਅਤੇ "ਸਕੂਲ ਦਾ ਦਿਨ" ਦਾ ਅਰਥ ਟ੍ਰਾਂਜਿਸ਼ਨ ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੱਖਰਾ ਲੱਗ ਸਕਦਾ ਹੈ, ਖ਼ਾਸਕਰ 21 ਉਮਰ ਤੋਂ ਛੋਟੇ ਵਿਦਿਆਰਥੀਆਂ ਲਈ ਕਿਉਂਕਿ ਇਹਨਾਂ ਵਿੱਚੋਂ ਬਹੁਤ ਸਾਰੀਆਂ ਸੇਵਾਵਾਂ ਕਮਿਊਨਿਟੀ ਜਾਂ ਰੁਜ਼ਗਾਰ ਦੀਆਂ ਸੈਟਿੰਗਾਂ ਵਿੱਚ ਹੋ ਸਕਦੀਆਂ ਹਨ ਅਤੇ ਇਸਦੇ ਲਈ ਘੰਟੇ ਸਕੂਲ ਦੇ ਆਮ ਦਿਨ ਤੋਂ ਵੱਖਰੇ ਹੋ ਸਕਦੇ ਹਨ।

ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ 21 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀ ਹੁਣ ਕਿਸੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਦੁਆਰਾ ਮੁਫਤ ਅਤੇ ਢੁਕਵੀਂ ਜਨਤਕ ਸਿੱਖਿਆ (free and appropriate public education, FAPE) ਦੇ ਯੋਗ ਨਹੀਂ ਹੁੰਦੇ। ਹਾਲਾਂਕੀ, 21 ਸਾਲ ਤੋਂ ਵੱਡੇ ਜਿਨ੍ਹਾਂ ਵਿਦਿਆਰਥੀਆਂ ਨੇ ਅਜੇ ਤੱਕ ਡਿਪਲੋਮਾ ਨਹੀਂ ਪ੍ਰਾਪਤ ਕੀਤਾ ਹੈ, IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨਿਰਧਾਰਤ ਕਰ ਸਕਦੀ ਹੈ ਕਿ ਉਨ੍ਹਾਂ ਨੂੰ ਅਜੇ ਵੀ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਲੋੜ ਹੈ।

ਇਸਨੂੰ ਤਰੱਕੀ ਦੀਆਂ ਰਿਪੋਰਟਾਂ ਵਾਲੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਵਿੱਚ ਦਸਤਾਵੇਜੀਕਰਨ ਦੀ ਬਜਾਏ, IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਇੱਕ ਪੁਰਾਣੇ ਲਿਖਤੀ ਨੋਟਿਸ ਵਿੱਚ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਅਤੇ ਟਾਈਮਲਾਈਨ ਦੀ ਰੂਪ ਰੇਖਾ ਦੇਵੇਗੀ। ਇਹ ਸਰਵਿਸਿਜ਼ ਜਿਵੇਂ ਕਿ ਅਸੀਂ ਪਹਿਲਾਂ ਪ੍ਰੇਜ਼ੇਂਟੇਸ਼ਨ ਵਿੱਚ ਕਿਹਾ ਸੀ ਇਸ ਅਧਾਰ ਤੇ ਅਧਾਰਤ ਹੋਣਗਿਆਂ ਕਿ ਜੇ ਮਹਾਂਮਾਰੀ ਨਹੀਂ ਹੁੰਦੀ, ਤਾਂ ਕੋਵਿਡ ਤੋਂ ਪਹਿਲਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਅਤੇ ਟ੍ਰਾਂਜਿਸ਼ਨ ਪਲਾਨ ਤੇ ਪ੍ਰਗਤੀ ਦਾ ਅਨੁਮਾਨਿਤ ਪੱਧਰ ਕੀ ਸੀ।

ਇਸ ਲਈ, ਸੰਖੇਪ ਵਿੱਚ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਨੂੰ ਸੰਸ਼ੋਧਿਤ ਨਹੀਂ ਕਰ ਰਹੀਆਂ ਜਾਂ 21 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਲਈ ਕੋਈ ਹੋਰ ਮੁਲਾਂਕਣ ਕਰ ਰਹੀਆਂ ਹਨ, ਤਾਂ ਟ੍ਰਾਂਜਿਸ਼ਨ ਰਿਕਵਰੀ ਸਮਰਥਨ ਸੰਭਾਵਤ ਤੌਰ ਤੇ ਇੱਕ PWN [ਪਹਿਲੇ ਲਿਖਤੀ ਨੋਟਿਸ, Prior Written Notice] ਵਿੱਚ ਦਸਤਾਵੇਜ਼ਿਤ ਕੀਤੀ ਜਾਏਗੀ ਅਤੇ ਕੋਵਿਡ ਤੋਂ ਪਹਿਲਾਂ ਦੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਦੇ ਅਧਾਰ ਤੇ ਹੋਵੇਗਾ।

# ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ?

- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਵਿਦਿਆਰਥੀ ਨੂੰ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਜਰੂਰਤ ਨਿਰਧਾਰਤ ਕਰਦੀਆਂ ਹਨ, ਜਿਵੇਂ ਕਿ ਸ਼ਿਡਊਲ ਤੈਲ ਕਰਨਾ, ਟਾਈਮਲਾਈਨ ਰੱਖਣਾ, ਸੇਵਾ ਦੇ ਖੇਤਰ ਅਤੇ ਸੇਵਾਵਾਂ ਦੀ ਮਾਤਰਾ।
- ਸ਼ਿਡਊਲ ਅਤੇ ਟਾਈਮਲਾਈਨ ਬਾਰੇ ਸੋਚਣਾ:
  - ਇਹ ਫੈਸਲੇ, ਜੇ ਮਹਾਂਮਾਰੀ ਨਹੀਂ ਹੋਈ ਹੁੰਦੀ ਤਾਂ ਵਿਦਿਆਰਥੀ ਦਾ ਅਨੁਮਾਨਤ ਟ੍ਰਾਂਜਿਸ਼ਨ ਪ੍ਰਗਤੀ ਦੀ ਤੁਲਨਾ ਵਿੱਚ ਵਿਦਿਆਰਥੀ ਦਾ ਵਰਤਮਾਨ ਪੱਧਰ ਕੀ ਹੈ, ਦੇ ਆਧਾਰ ਤੇ ਕੀਤੇ ਜਾਂਦੇ ਹਨ।
  - ਸੰਮਲਿਤ ਅਤੇ ਵਿਦਿਆਰਥੀ ਦੇ ਘੱਟੋ ਘੱਟ ਪ੍ਰਤੀਬੰਧਿਤ ਵਾਤਾਵਰਣ ਦੇ ਅਨੁਸਾਰ ਹੋਣਾ ਚਾਹੀਦਾ ਹੈ।
  - ਏਜੰਸੀ ਲਿੰਕੇਜ, ਵਰਤਮਾਨ ਰੁਜ਼ਗਾਰ, ਅਤੇ/ਜਾਂ ਹੋਰ ਬਾਲਗ ਏਜੰਸੀਆਂ ਦੀਆਂ ਸੇਵਾਵਾਂ ਤੱਕ ਪਹੁੰਚ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

Washington Office of Superintendent of
PUBLIC INSTRUCTION

27

ਤਾਂ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ?

- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਵਿਦਿਆਰਥੀ ਲਈ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਜਰੂਰਤ ਨਿਰਧਾਰਤ ਕਰਦੀਆਂ ਹਨ, ਜਿਵੇਂ ਕਿ ਸ਼ਿਡਊਲ ਤੈਲ ਕਰਨਾ, ਟਾਈਮਲਾਈਨ ਰੱਖਣਾ, ਸੇਵਾ ਦੇ ਖੇਤਰ ਅਤੇ ਸੇਵਾਵਾਂ ਦੀ ਮਾਤਰਾ।
- ਇਹ ਫੈਸਲੇ, ਜੇ ਮਹਾਂਮਾਰੀ ਨਹੀਂ ਹੋਈ ਹੁੰਦੀ ਤਾਂ ਵਿਦਿਆਰਥੀ ਦਾ ਅਨੁਮਾਨਤ ਟ੍ਰਾਂਜਿਸ਼ਨ ਪ੍ਰਗਤੀ ਦੀ ਤੁਲਨਾ ਵਿੱਚ ਵਿਦਿਆਰਥੀ ਦਾ ਵਰਤਮਾਨ ਪੱਧਰ ਕੀ ਹੈ, ਦੇ ਆਧਾਰ ਤੇ ਕੀਤੇ ਜਾਂਦੇ ਹਨ।
- ਰਿਕਵਰੀ ਸੇਵਾਵਾਂ ਸਭ ਤੋਂ ਵੱਡੀ ਹੱਦ ਤੱਕ ਸ਼ਾਮਲ ਹੋਣੀਆਂ ਚਾਹੀਦੀਆਂ ਹਨ, ਅਤੇ
- ਏਜੰਸੀ ਲਿੰਕੇਜ, ਵਰਤਮਾਨ ਰੁਜ਼ਗਾਰ, ਅਤੇ/ਜਾਂ ਹੋਰ ਬਾਲਗ ਏਜੰਸੀਆਂ ਦੀਆਂ ਸੇਵਾਵਾਂ ਤੱਕ ਪਹੁੰਚ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

# ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ?

## ਸਟਾਫ

**ਵਿਕਲਪਾਂ ਵਿੱਚ ਸ਼ਾਮਲ ਹਨ:**

- ਲਾਇਸੰਸਸ਼ੁਦਾ ਜਾਂ ਸਰਟੀਫਿਕੇਟਡ ਸਪੈਸ਼ਲ ਐਜੂਕੇਸ਼ਨ ਸਟਾਫ।
- ਸਕੂਲ ਜ਼ਿਲ੍ਹਾ ਕਰਮਚਾਰੀ (ਸਪੇਸ਼ਲ ਏਜੁਕੇਸ਼ਨ ਸਟਾਫ ਦੁਆਰਾ ਸਿੱਧੀ ਨਿਗਰਾਨੀ ਅਤੇ ਮਾਨੀਟਰਿੰਗ ਦੇ ਅਧੀਨ)।
- ਗੁਆਂਢੀ ਸਕੂਲ ESD [ਜ਼ਿਲ੍ਹਿਆਂ ਅਤੇ ਵਿਦਿਅਕ ਸੇਵਾ ਜ਼ਿਲ੍ਹਿਆਂ, Educational Service Districts] ਤੋਂ ਸਪੇਸ਼ਲ ਏਜੁਕੇਸ਼ਨ ਸਟਾਫ।
- ਸਮੇਂ ਦੇ ਨਾਲ ਥੋੜੇ ਸਮੇਂ ਲਈ ਰਿਕਵਰੀ ਸੇਵਾਵਾਂ ਪ੍ਰਦਾਨ ਕਰਨਾ।

## ਟ੍ਰਾਂਸਪੋਰਟੇਸ਼ਨ

IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਨੂੰ ਸਥਾਨਕ ਅਤੇ ਖੇਤਰੀ ਟ੍ਰਾਂਸਪੋਰਟੇਸ਼ਨ ਵਿਭਾਗਾਂ ਨਾਲ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਵਿਦਿਆਰਥੀਆਂ ਨੂੰ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਤੱਕ ਪਹੁੰਚਣ ਦੀ ਲੋੜ ਪੈਣ ਤੇ ਉਚਿਤ ਟ੍ਰਾਂਸਪੋਰਟੇਸ਼ਨ ਮਿਲੇ।

**ਵਿਕਲਪਾਂ ਵਿੱਚ ਸ਼ਾਮਲ ਹਨ:**

- ਜ਼ਿਲ੍ਹਾ ਅਤੇ ਖੇਤਰੀ ਟ੍ਰਾਂਸਪੋਰਟੇਸ਼ਨ।
- ਸਾਂਝੇ ਐਗਰੀਮੇਂਟ।
- ਨਿਜੀ ਟ੍ਰਾਂਸਪੋਰਟੇਸ਼ਨ ਵਿਕਲਪ।
- ਯਾਤਰਾ ਦੇ ਖਰਚਿਆਂ ਲਈ ਮਾਪਿਆਂ ਨੂੰ ਅਦਾਇਗੀ।

Washington Office of Superintendent of
PUBLIC INSTRUCTION

28

OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਜਾਣਦਾ ਹੈ ਕਿ ਰਿਕਵਰੀ ਸੇਵਾਵਾਂ ਲਈ ਸਟਾਫ ਅਤੇ ਟ੍ਰਾਂਸਪੋਰੇਟਸ਼ਨ ਇੱਕ ਚੁਣੌਤੀ ਹੋਵੇਗੀ। IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਅਤੇ ਸਕੂਲੀ ਜ਼ਿਲ੍ਹਿਆਂ ਨੇ ਟ੍ਰਾਂਜਿਸ਼ਨ ਸੇਵਾਵਾਂ ਲਈ ਸਟਾਫ ਅਤੇ ਟ੍ਰਾਂਸਪੋਰਟੇਸ਼ਨ ਦੋਵਾਂ ਲਈ ਲੰਮੇ ਸਮੇਂ ਤੋਂ ਵੱਖੋ ਵੱਖਰੇ ਤਰੀਕਿਆਂ ਨੂੰ ਲਾਗੂ ਕੀਤਾ ਹੈ ਅਤੇ ਇਹਨਾਂ ਨੂੰ ਲਾਗੂ ਕਰਨਾ ਜਾਰੀ ਰੱਖਣਾ ਹੈ ਅਤੇ ਵਰਤਮਾਨ ਅਭਿਆਸਾਂ ਦਾ ਵਿਸਥਾਰ ਕਰਨਾ ਹੈ। ਤੁਸੀਂ ਇਨ੍ਹਾਂ ਵਿੱਚੋਂ ਕੁਝ ਨੂੰ ਇੱਥੇ ਅਤੇ ਸਾਡੀ ਹਿਦਾਇਤ ਦਸਤਾਵੇਜ਼ ਵਿੱਚ ਸੂਚੀਬੱਧ ਵੇਖੋਗੇ। ਸਮੇਂ ਨਾਲ ਸਮਾਪਤੀ ਕਰਨ, ਅਸੀਂ ਅੱਜ ਖਾਸ ਤੌਰ 'ਤੇ ਇਨ੍ਹਾਂ ਨੂੰ ਨਹੀਂ ਦੇਖਾਂਗੇ, ਪਰ ਅਸੀਂ ਚਾਹੁੰਦੇ ਸੀ ਕਿ ਤੁਹਾਡੇ ਸਾਰਿਆਂ ਕੋਲ ਜ਼ਿਲ੍ਹਿਆਂ ਵਾਂਗ ਜਾਣਕਾਰੀ ਹੋਵੇ।

# ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਲਈ ਮੈਂ ਕੀ ਕਰ ਸਕਦਾ ਹਾਂ?

- ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਬਾਰੇ ਅਤੇ ਮਹਾਂਮਾਰੀ ਦੇ ਦੌਰਾਨ ਤੁਹਾਡੇ ਵਿਦਿਆਰਥੀ ਦੀ ਤਰੱਕੀ ਬਾਰੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੂੰ ਆਪਣੇ ਪ੍ਰਸ਼ਨ ਪੁੱਛੋ।
- ਆਪਣੀ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੂੰ ਆਪਣੇ ਵਿਦਿਆਰਥੀ ਦੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਅਤੇ ਹਾਈ ਸਕੂਲ ਅਤੇ ਬੇਯੋਂਡ ਪਲਾਨ 'ਤੇ ਤੁਹਾਡੇ ਵਿਦਿਆਰਥੀਆਂ ਦੀ ਪ੍ਰਗਤੀ ਬਾਰੇ ਵਿਚਾਰ ਕਰਨ ਲਈ ਕਹੋ, ਜਿਸ ਵਿੱਚ ਸ਼ਾਮਲ ਹੋਵੇ:
  - IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚਿਆਂ ਅਤੇ ਸੈਕੰਡਰੀ ਤੋਂ ਬਾਅਦ ਦੇ ਟੀਚਿਆਂ 'ਤੇ ਪ੍ਰਗਤੀ।
  - ਹਾਈ ਸਕੂਲ ਅਤੇ ਬੇਯੋਂਡ ਪਲਾਨ ਅਤੇ ਗ੍ਰੈਜੂਏਸ਼ਨ ਪਾਥਵੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ।
- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨਾਲ ਰਿਮੋਟ ਹਿਦਾਇਤ ਅਤੇ ਆਪਣੇ ਵਿਦਿਆਰਥੀ ਲਈ ਸਭ ਤੋਂ ਵਧੀਆ ਚੀਜ਼ਾਂ ਲਈ ਆਪਣੇ ਵਿਚਾਰਾਂ ਨੂੰ ਸਾਂਝਾ ਕਰੋ। ਦੂਜੀਆਂ ਏਜੰਸੀਆਂ ਬਾਰੇ ਗੱਲਬਾਤ ਕਰੋ ਜੋ ਤੁਹਾਡੇ ਵਿਦਿਆਰਥੀ ਦੀ ਸਹਾਇਤਾ ਕਰ ਰਹੀਆਂ ਹਨ।
- ਜੇ ਤੁਸੀਂ ਪ੍ਰਸਤਾਵਿਤ ਟ੍ਰਾਂਜਿਸ਼ਨ ਰਿਕਵਰੀ ਸੇਵਾ ਵਿਕਲਪਾਂ ਜਾਂ ਟਾਈਮਲਾਈਨ ਨਾਲ ਸਹਿਮਤ ਨਹੀਂ ਹੋ, ਤਾਂ ਆਪਣੇ ਸਵਾਲ ਆਪਣੇ ਵਿਦਿਆਰਥੀ ਦੀ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨਾਲ ਸਾਂਝਾ ਕਰੋ। ਜੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਸਮਝੌਤੇ 'ਤੇ ਨਹੀਂ ਪਹੁੰਚ ਸਕਦੀ, ਤਾਂ ਤੁਹਾਡੇ ਕੋਲ ਵਿਵਾਦ ਦੇ ਹੱਲ ਲਈ ਵਿਕਲਪਾਂ ਤੱਕ ਪਹੁੰਚ ਹੈ।

Washington Office of Superintendent of
PUBLIC INSTRUCTION

29

ਜਿਵੇਂ ਕਿ ਅਸੀਂ ਅੱਜ ਸ਼ਾਮ ਆਪਣੀ ਚਰਚਾ ਨੂੰ ਸਮਾਪਤ ਕਰਨ ਵਾਲੇ ਹਾਂ, ਅਸੀਂ ਜਾਣਦੇ ਹਾਂ ਕਿ ਪਰਿਵਾਰ ਸੋਚ ਰਹੇ ਹੋਣਗੇ ਕਿ ਉਹ ਇਹ ਯਕੀਨੀ ਬਣਾਉਣ ਲਈ ਕੀ ਕਰ ਸਕਦੇ ਹਨ ਕਿ ਉਨ੍ਹਾਂ ਦਾ ਵਿਦਿਆਰਥੀ ਉਨ੍ਹਾਂ ਲਈ ਲੋੜੀਂਦੀ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਪ੍ਰਾਪਤ ਕਰੇ। ਪਹਿਲੇ ਕਦਮ ਵਿੱਚ, ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਕੋਲ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਬਾਰੇ ਆਪਣੇ ਸਵਾਲ ਰੱਖੋ, ਅਤੇ ਮਹੱਤਵਪੂਰਨ ਗੱਲ ਇਹ ਕਿ ਟੀਮ ਤੋਂ ਮਹਾਂਮਾਰੀ ਦੇ ਦੌਰਾਨ ਤੁਹਾਡੇ ਵਿਦਿਆਰਥੀ ਦੇ ਪ੍ਰਗਤੀ ਡੇਟਾ ਬਾਰੇ ਵਧੇਰੇ ਜਾਣੋ।

ਪ੍ਰਗਤੀ ਦੇ ਅੰਕੜਿਆਂ ਵਿੱਚ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ, ਰਿਪੋਰਟ ਕਾਰਡ ਗਰੇਡ, ਹਾਈ ਸਕੂਲ ਅਤੇ ਬੇਯੋਂਡ ਪਲਾਨ ਦੀ ਪ੍ਰਗਤੀ ਅਤੇ ਗ੍ਰੈਜੂਏਸ਼ਨ ਪਾਥਵੇ, IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਦੀ ਪ੍ਰਗਤੀ, ਆਦਿ ਸ਼ਾਮਲ ਹੋ ਸਕਦੇ ਹਨ।

ਮਹਾਂਮਾਰੀ ਦੇ ਦੌਰਾਨ ਤੁਹਾਡੇ ਵਿਦਿਆਰਥੀ ਦੇ ਸਿੱਖਣ ਬਾਰੇ ਤੁਹਾਡਾ ਗਿਆਨ ਅਤੇ ਨਿਰੀਖਣ ਬਹੁਤ ਮਹੱਤਵਪੂਰਣ ਹਨ! ਕਿਰਪਾ ਕਰਕੇ ਆਪਣੀ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨਾਲ ਸਾਂਝਾ ਕਰੋ ਕਿ ਤੁਸੀਂ ਰਿਮੋਟ ਹਦਾਇਤਾਂ ਦੌਰਾਨ ਆਪਣੇ ਵਿਦਿਆਰਥੀ ਬਾਰੇ ਕੀ ਸਿੱਖਿਆ ਹੈ, ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿਹੜੀਆਂ ਰਣਨੀਤੀਆਂ ਨੇ ਸਭ ਤੋਂ ਵਧੀਆ ਕੰਮ ਕੀਤਾ। ਜੇ ਤੁਹਾਡਾ ਵਿਦਿਆਰਥੀ ਦੂਜੀਆਂ ਏਜੰਸੀਆਂ, ਜਿਵੇਂ ਕਿ ਰੁਜ਼ਗਾਰ ਪ੍ਰਦਾਤਾ, ਨਾਲ ਜੁੜ ਰਿਹਾ ਹੈ, ਤਾਂ ਕਿਰਪਾ ਕਰਕੇ ਇਸ ਜਾਣਕਾਰੀ ਨੂੰ ਵੀ ਸਾਂਝਾ ਕਰੋ।

ਅਸੀਂ ਜਾਣਦੇ ਹਾਂ ਕਿ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਦੇ ਮੈਂਬਰ ਹਮੇਸ਼ਾਂ ਸਹਿਮਤ ਨਹੀਂ ਹੁੰਦੇ। ਜੇ ਤੁਸੀਂ ਪ੍ਰਸਤਾਵਿਤ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਵਿਕਲਪਾਂ ਜਾਂ ਟਾਈਮਲਾਈਨ ਨਾਲ ਸਹਿਮਤ ਨਹੀਂ ਹੋ, ਤਾਂ ਇਨ੍ਹਾਂ ਸਮੱਸਿਆਵਾਂ ਨੂੰ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized

Education Program] ਟੀਮ ਨਾਲ ਸਾਂਝਾ ਕਰੋ ਅਤੇ ਉਨ੍ਹਾਂ ਦਾ ਦਸਤਾਵੇਜ਼ੀਕਰਨ ਲਈ ਕਹੋ। ਤੁਸੀਂ ਆਪਣੇ ਸਕੂਲ ਦੇ ਪ੍ਰਿੰਸੀਪਲ, ਜ਼ਿਲ੍ਹਾ ਵਿਸ਼ੇਸ਼ ਸਿੱਖਿਆ ਨਿਰਦੇਸ਼ਕ, ਜਾਂ ਸਾਡੇ ਵਿਸ਼ੇਸ਼ ਸਿੱਖਿਆ ਦਫਤਰ ਤਕ ਇੱਥੇ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਵਿਖੇ ਵੀ ਪਹੁੰਚ ਸਕਦੇ ਹੋ। ਅਸੀਂ ਅਗਲੀ ਆਉਣ ਵਾਲੀ ਸਲਾਈਡ ਤੇ ਆਪਣੀ ਸੰਪਰਕ ਜਾਣਕਾਰੀ ਦਿੱਤੀ ਹੈ।

## ਜੇ ਮੇਰੇ ਵਿਦਿਆਰਥੀ ਨੂੰ ਮਹਾਂਮਾਰੀ ਦੇ ਦੌਰਾਨ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਨਹੀਂ ਹੁੰਦੀ, ਤਾਂ ਕੀ?

- ਸਕੂਲ ਮਹਾਂਮਾਰੀ ਦੇ ਦੌਰਾਨ ਵਿਸ਼ੇਸ਼ ਸਿਖਿਆ ਅਤੇ ਸੰਬੰਧਿਤ ਸੇਵਾਵਾਂ, ਸਮੇਤ ਟ੍ਰਾਂਜਿਸ਼ਨ ਸੇਵਾਵਾਂ ਦੀ ਪੇਸ਼ਕਸ਼ ਕਰ ਸਕਦੇ ਹਨ, ਪਰਿਵਾਰ ਉਨ੍ਹਾਂ ਸੇਵਾਵਾਂ ਨੂੰ ਠੁਕਰਾ ਸਕਦੇ ਜਾਂ ਕਈ ਕਾਰਨਾਂ ਕਰਕੇ ਰਿਮੋਟ ਰਹਿਣ ਦੀ ਚੋਣ ਕਰ ਸਕਦੇ ਹਨ।
- ਕੰਪੇਨਸੇਟਰੀ ਏਜੂਕੇਸ਼ਨ ਲਈ, ਇੱਕ ਪ੍ਰਬੰਧਕੀ ਲਾਅ ਜੱਜ ਜਾਂ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਨਿਵਾਰਨ ਕਾਰਕਾਂ 'ਤੇ ਵਿਚਾਰ ਕਰੇਗਾ ਜੋ ਮੁਆਵਜ਼ਾ ਦੇਣ ਵਾਲੇ ਪੁਰਸਕਾਰ ਨੂੰ ਘਟਾ ਸਕਦੇ ਹੋਣ, ਜਿਵੇਂ ਕਿ ਪੇਸ਼ਕਸ਼ ਕੀਤੀਆਂ ਸੇਵਾਵਾਂ ਤੋਂ ਇਨਕਾਰ ਕਰਨਾ।
- IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਨੂੰ ਇਕ ਵਿਅਕਤੀਗਤ ਵਿਦਿਆਰਥੀ-ਕੇਂਦ੍ਰਤ ਫੈਸਲਾ ਲੈਣਾ ਚਾਹੀਦਾ ਹੈ ਕਿ ਕਿਹੜੀ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਜਰੂਰਤ ਹੈ ਇਹ ਧਿਆਨ ਵਿੱਚ ਰੱਖਦੇ ਹੋਏ:
  - ਜੇ ਪੇਸ਼ ਕੀਤੀਆਂ ਜਾਂਦੀਆਂ ਸੇਵਾਵਾਂ ਤੱਕ ਪਹੁੰਚ ਨਾ ਕੀਤੀ ਗਈ ਹੋਵੇ ਤਾਂ ਵਿਦਿਆਰਥੀ ਨੂੰ ਉਪਲਬਧਤਾ ਅਤੇ ਪ੍ਰਭਾਵ।
  - ਪਰਿਵਾਰ ਵੱਲੋਂ ਇਨਕਾਰ ਕਰਨ ਦਾ ਕਾਰਨ ਅਤੇ ਲੋੜ ਪੈਣ ਤੇ ਸਹਾਇਤਾ ਲਈ ਪਹੁੰਚ ਕਰਨ ਲਈ ਵਿਦਿਆਰਥੀਆਂ ਲਈ ਸੰਭਾਵਤ ਹੱਲ (ਉਦਾਹਰਣ ਲਈ, ਜੇ ਗਰਮੀਆਂ ਦੇ ਮਹੀਨਿਆਂ ਦੌਰਾਨ ਵਿਦਿਆਰਥੀ ਉਪਲਬਧ ਨਹੀਂ ਹੁੰਦਾ)।
  - ਵਿਦਿਆਰਥੀ ਦੀਆਂ ਜ਼ਰੂਰਤਾਂ ਅਤੇ ਵਿਦਿਆਰਥੀ ਉੱਤੇ ਕੋਵਿਡ ਦਾ ਪ੍ਰਭਾਵ।

Washington Office of Superintendent of
PUBLIC INSTRUCTION

30

ਸਭ ਤੋਂ ਅਕਸਰ ਪੁੱਛੇ ਜਾਣ ਵਾਲੇ ਸਵਾਲ ਜੋ ਸਾਨੂੰ ਮਾਪਿਆਂ ਅਤੇ ਸਕੂਲ ਦੋਵਾਂ ਤੋਂ ਮਿਲ ਰਹੇ ਹਨ, ਉਹ ਮਹਾਂਮਾਰੀ ਦੇ ਦੌਰਾਨ ਪੇਸ਼ ਕੀਤੀ ਅਤੇ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਹਨ। ਸਕੂਲ ਮਹਾਂਮਾਰੀ ਦੇ ਦੌਰਾਨ ਸਪੇਸ਼ਲ ਏਜੂਕੇਸ਼ਨ ਅਤੇ ਸੰਬੰਧਿਤ ਸੇਵਾਵਾਂ, ਸਮੇਤ ਟ੍ਰਾਂਜਿਸ਼ਨ ਸੇਵਾਵਾਂ ਦੀ ਪੇਸ਼ਕਸ਼ ਕਰ ਸਕਦੇ ਹਨ। ਪਰਿਵਾਰਾਂ ਨੇ ਕਈ ਕਾਰਨਾਂ ਕਰਕੇ ਉਨ੍ਹਾਂ ਸੇਵਾਵਾਂ ਨੂੰ ਅਸਵੀਕਾਰ ਕਰ ਦਿੱਤਾ ਹੈ ਜਾਂ ਵਿਅਕਤੀਗਤ ਸੇਵਾਵਾਂ ਦੀ ਬਜਾਏ ਰਿਮੋਟ ਹਦਾਇਤਾਂ ਨਾਲ ਬਣੇ ਰਹਿਣਾ ਚੁਣਿਆ ਹੈ।

ਕੰਪੇਨਸੇਟਰੀ ਏਜੂਕੇਸ਼ਨ ਵਿੱਚ, ਇੱਕ ਪ੍ਰਬੰਧਕੀ ਲਾਅ ਜੱਜ ਜਾਂ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਸ਼ਿਕਾਇਤ ਜਾਂਚਕਰਤਾ ਉਨ੍ਹਾਂ ਕਾਰਕਾਂ ਤੇ ਵਿਚਾਰ ਕਰੇਗਾ ਜੋ ਮੁਆਵਜ਼ਾ ਦੇਣ ਵਾਲੇ ਅਵਾਰਡ ਨੂੰ ਘਟਾ ਸਕਦੇ ਹਨ, ਜਿਵੇਂ ਕਿ ਪੇਸ਼ਕਸ਼ ਕੀਤੀਆਂ ਸੇਵਾਵਾਂ ਤੋਂ ਇਨਕਾਰ ਕਰਨਾ। ਰਿਕਵਰੀ ਸੇਵਾਵਾਂ ਲਈ ਸਾਡੀ ਫ੍ਰੇਮਿੰਗ ਇਹ ਹੈ ਕਿ ਵਿਵਾਦ ਨਿਪਟਾਰੇ ਦੇ ਵਿਕਲਪਾਂ ਦੀ ਪਾਲਣਾ ਕਰਨ ਲਈ ਪਰਿਵਾਰ ਦੀ ਉਡੀਕ ਕਰਨ ਦੀ ਬਜਾਏ, ਇਹ ਪ੍ਰਕਿਰਿਆ ਕਿਰਿਆਸ਼ੀਲ ਅਤੇ ਸਹਿਯੋਗੀ ਹੋਣੀ ਚਾਹੀਦੀ ਹੈ। IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੂੰ ਵਿਦਿਆਰਥੀਆਂ ਦੀ ਪੇਸ਼ਕਸ਼ ਕੀਤੀ ਜਾਂਦੀ ਸੇਵਾਵਾਂ ਅਤੇ ਤਰੱਕੀ ਦੀਆਂ ਪ੍ਰਕਿਰਿਆਵਾਂ, ਪਰਿਵਾਰ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਮਾਤਰਾ ਜਾਂ ਕਿਸਮਾਂ ਨੂੰ ਘਟਾਉਣ ਦੇ ਕਾਰਨਾਂ ਅਤੇ ਵਿਦਿਆਰਥੀ ਦੀ ਵਿਅਕਤੀਗਤ ਜਰੂਰਤਾਂ ਤੇ ਚੱਲ ਰਹੀ ਮਹਾਂਮਾਰੀ ਦੇ ਮੱਦੇਨਜ਼ਰ ਵਿਚਾਰ ਕਰਨਾ ਚਾਹੀਦਾ ਹੈ। ਨਾਲ ਹੀ, ਇਸ ਸਭ ਦੇ ਨਾਲ, ਪਰਿਵਾਰਾਂ ਕੋਲ ਵਿਵਾਦ ਦੇ ਹੱਲ ਲਈ ਵਿਕਲਪਾਂ ਤੱਕ ਪਹੁੰਚ ਹੈ।

## OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦਾ ਸਮਰਥਨ ਕਿਵੇਂ ਕਰ ਰਿਹਾ ਹੈ?

- OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਅਕਾਦਮਿਕ ਅਤੇ ਵਿਦਿਆਰਥੀ ਭਲਾਈ ਰਿਕਵਰੀ ਪਲਾਨ: ਪਲਾਨਿੰਗ ਗਾਈਡ 2021 ਵਿੱਚ ਅਪਾਹਜ ਵਿਦਿਆਰਥੀਆਂ ਲਈ ਲੋੜੀਂਦਾ ਸਹਾਇਤਾ.
- Washington ਦਾ ਸਪੈਸ਼ਲ ਐਜੂਕੇਸ਼ਨ ਰਿਕਵਰੀ ਸਰਵਿਸਿਜ਼: 2021 ਐਂਡ ਬੇਯੋਂਡ ਲਈ ਰੋਡ ਮੈਪ ਪ੍ਰਕਾਸ਼ਤ.
- 20 ਮਈ, 2021 ਨੂੰ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਲਈ ਸਕੂਲ/ ਜ਼ਿਲ੍ਹਾ ਸਹਿਭਾਗੀਆਂ ਲਈ ਇੱਕ ਵੈਬਿਨਾਰ ਰੱਖਿਆ ਸੀ।
- ਰਾਜ ਦੀਆਂ ਏਜੰਸੀਆਂ, ਸਕੂਲ, ਕਮਿਊਨਿਟੀ ਸਮੂਹਾਂ, ਰੁਜ਼ਗਾਰਦਾਤਾਵਾਂ ਅਤੇ ਪ੍ਰੋਫੇਸ਼ਨਲ ਡੇਵਲਪਮੇਂਟ ਪ੍ਰੋਵਾਈਡਰ ਸਮੇਤ ਟ੍ਰਾਂਜਿਸ਼ਨ ਭਾਈਵਾਲਾਂ ਨਾਲ ਚੱਲ ਰਿਹਾ ਸੰਚਾਰ।
- ਸਪੇਸ਼ਲ ਏਜੂਕੇਸ਼ਨ ਮਾਨੀਟਰਿੰਗ ਐਕਟੀਵਿਟੀਜ਼:
  - 2020–21: IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਅਤੇ HSBP [ਹਾਈ ਸਕੂਲ ਐਂਡ ਬੇਯੋਂਡ ਪਲਾਨ, High School and Beyond Plan] ਦੀ ਸਮੀਖਿਆ, ਵਿਦਿਆਰਥੀਆਂ ਦੀ ਪ੍ਰਗਤੀ ਅਤੇ ਵਿਦਿਅਕ ਲਾਭ ਦੇ ਨਾਲ ਨਾਲ ਕੋਵਿਡ ਦੇ ਦੌਰਾਨ FAPE [ਮੁਫਤ ਢੁਕਵੀਂ ਪਬਲਿਕ ਏਜੂਕੇਸ਼ਨ, Free and Appropriate Public Education] ਦੇ ਪ੍ਰਬੰਧ ਸ਼ਾਮਲ ਹਨ।
  - 2021–22: ਵਿਅਕਤੀਗਤ ਵਿਦਿਆਰਥੀਆਂ ਲਈ ਰਿਕਵਰੀ ਸੇਵਾਵਾਂ ਦੀ ਦ੍ਰਿੜਤਾ ਅਤੇ ਲਾਗੂ ਕਰਨ ਦੀ ਸਮੀਖਿਆ ਦੇ ਨਾਲ ਨਾਲ ਟ੍ਰਾਂਜਿਸ਼ਨ ਪਲਾਨ, HSBP [ਹਾਈ ਸਕੂਲ ਐਂਡ ਬੇਯੋਂਡ ਪਲਾਨ, High School and Beyond Plan], ਵਿਦਿਆਰਥੀਆਂ ਦੀ ਪ੍ਰਗਤੀ ਅਤੇ ਵਿਦਿਅਕ ਲਾਭ ਸ਼ਾਮਲ ਕਰੇਗਾ।

Washington Office of Superintendent of
PUBLIC INSTRUCTION

31

ਸਾਨੂੰ ਇਹ ਵੀ ਪੁੱਛਿਆ ਗਿਆ ਕਿ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਲਈ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਕੀ ਕਰ ਰਿਹਾ ਹੈ। ਹਿਦਾਇਤ ਦਸਤਾਵੇਜ਼, ਜਿਸ ਵਿੱਚ ਅਕਾਦਮਿਕ ਅਤੇ ਵਿਦਿਆਰਥੀ ਭਲਾਈ ਰਿਕਵਰੀ ਪਲਾਨ ਗਾਈਡ ਅਤੇ ਸਪੇਸ਼ਲ ਏਜੂਕੇਸ਼ਨ ਰਿਕਵਰੀ ਸੇਵਾਵਾਂ ਲਈ ਇੱਕ ਰੋਡ-ਮੈਪ ਸ਼ਾਮਲ ਹਨ, ਰਿਕਵਰੀ ਸੇਵਾਵਾਂ ਲਈ ਸਕੂਲ ਅਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮਾਂ ਨੂੰ ਵਿਸ਼ੇਸ਼ ਹਿਦਾਇਤ ਪ੍ਰਦਾਨ ਕਰਦੇ ਹਨ। ਅਸੀਂ 20 ਮਈ ਨੂੰ ਟ੍ਰਾਂਜਿਸ਼ਨ ਰਿਕਵਰ ਸੇਵਾਵਾਂ ਬਾਰੇ ਸਕੂਲ ਅਤੇ ਜ਼ਿਲ੍ਹਾ ਸਹਿਭਾਗੀਆਂ ਲਈ ਇੱਕ ਵੈਬਿਨਾਰ ਰੱਖਿਆ ਸੀ, ਅਤੇ ਅਸੀਂ ਇਸ ਸਮੇਂ ਮਹਾਂਮਾਰੀ ਦੇ ਦੌਰਾਨ ਸਪੇਸ਼ਲ ਏਜੂਕੇਸ਼ਨ ਅਤੇ ਸਬੰਧਤ ਸੇਵਾਵਾਂ ਪ੍ਰਦਾਨ ਕਰਨ ਲਈ ਆਪਣੇ ਵਿਆਪਕ ਸਵਾਲ ਅਤੇ ਜਵਾਬ ਦਸਤਾਵੇਜ਼ ਵਿੱਚ ਸੋਧ ਕਰ ਰਹੇ ਹਾਂ।

ਅਸੀਂ ਟ੍ਰਾਂਜਿਸ਼ਨ ਭਾਗੀਦਾਰਾਂ ਨਾਲ ਚੱਲ ਰਹੇ ਸੰਚਾਰ ਵਿੱਚ ਹਿੱਸਾ ਲੈ ਰਹੇ ਹਾਂ, ਜਿਸ ਵਿੱਚ ਹੋਰ ਰਾਜ ਏਜੰਸੀਆਂ ਅਤੇ ਕੌਂਸਲਾਂ, ਸਕੂਲ, ਕਮਿਊਨਿਟੀ ਸੰਸਥਾਵਾਂ, ਮਾਲਕਾਂ ਅਤੇ ਪ੍ਰੋਫੇਸ਼ਨਲ ਡੇਵਲਪਮੇਂਟ ਪ੍ਰੋਵਾਈਡਰ ਸ਼ਾਮਲ ਹਨ।

ਅਸੀਂ ਆਪਣੇ ਰਾਜ ਦੀ ਸਪੇਸ਼ਲ ਏਜੂਕੇਸ਼ਨ ਮਾਨੀਟਰਿੰਗ ਵਿਚ ਟ੍ਰਾਂਜਿਸ਼ਨ ਸੇਵਾਵਾਂ ਸਮੇਤ, ਰਿਕਵਰੀ ਸੇਵਾਵਾਂ ਨੂੰ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸਕੂਲ ਸਾਲ ਦੇ ਦੌਰਾਨ, ਸਾਡੀ ਪ੍ਰਕਿਰਿਆ ਵਿੱਚ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਪਲਾਨ ਅਤੇ ਹਾਈ ਸਕੂਲ ਅਤੇ ਬੇਯੋਂਡ ਪਲਾਨ, ਸਮੇਂ ਦੇ ਨਾਲ ਵਿਦਿਆਰਥੀਆਂ ਦੀ ਪ੍ਰਗਤੀ ਅਤੇ ਵਿਦਿਅਕ ਲਾਭ, ਅਤੇ ਕੋਵਿਡ ਦੇ ਦੌਰਾਨ ਮੁਫਤ ਅਤੇ ਢੁਕਵੀਂ ਪਬਲਿਕ ਏਜੂਕੇਸ਼ਨ (Free and appropriate public education, FAPE) ਦੀ ਵਿਵਸਥਾ ਸ਼ਾਮਲ ਕੀਤੀ ਗਈ। ਅਸੀਂ ਹਰ ਇੱਕ ਜ਼ਿਲ੍ਹੇ ਦੀ ਸਾਡੇ ਵੱਲੋਂ ਮਾਨੀਟਰ ਕੀਤੀ ਰਿਕਵਰੀ ਸੇਵਾਵਾਂ ਦੀ ਪਲਾਨਿੰਗ ਦੀ ਸਥਿਤੀ ਬਾਰੇ ਪੁੱਛਗਿੱਛ ਕੀਤੀ।

ਆਉਣ ਵਾਲੇ ਸਾਲ ਲਈ, ਅਸੀਂ ਵਿਅਕਤੀਗਤ ਵਿਦਿਆਰਥੀਆਂ ਲਈ ਟ੍ਰਾਂਜਿਸ਼ਨ ਪਲਾਨ, ਹਾਈ ਸਕੂਲ ਅਤੇ ਬੇਯੋਂਡ ਪਲਾਨ, ਪ੍ਰਗਤੀ ਨਿਗਰਾਨੀ ਅਤੇ ਸਮੇਂ ਦੇ ਨਾਲ ਵਿਦਿਅਕ ਲਾਭ ਸਮੇਤ, ਵੱਖਰੇ ਵਿਦਿਆਰਥੀਆਂ ਲਈ ਰਿਕਵਰੀ

ਸੇਵਾਵਾਂ ਦੇ ਦ੍ਰਿੜਤਾ, ਦਸਤਾਵੇਜ਼ਾਂ ਅਤੇ ਲਾਗੂ ਕਰਨ ਦੀ ਸਮੀਖਿਆ ਕਰਾਂਗੇ।

## ਮੈਂ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਬਾਰੇ ਹੋਰ ਕਿਵੇਂ ਜਾਣ ਸਕਦਾ/ਸਕਦੀ ਹਾਂ?

- ਆਪਣੀ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੂੰ ਅਤਿਰਿਕਤ ਜਾਣਕਾਰੀ ਅਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ ਦੇ ਪ੍ਰਗਤੀ ਡੇਟਾ ਲਈ ਪੁੱਛੋ ਤਾਂ ਜੋ ਇਸ ਬਾਰੇ ਫੈਸਲਿਆਂ ਨੂੰ ਸੂਚਿਤ ਕੀਤਾ ਜਾ ਸਕੇ ਕਿ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਲੋੜ ਹੈ ਜਾਂ ਨਹੀਂ।
- ਜੇ ਤੁਹਾਡੇ ਕੋਈ ਅਤਿਰਿਕਤ ਸਵਾਲ ਜਾਂ ਚਿੰਤਾਵਾਂ ਹਨ ਤਾਂ ਆਪਣੇ ਜ਼ਿਲ੍ਹੇ ਦੇ ਸਪੇਸ਼ਲ ਏਜੂਕੇਸ਼ਨ ਦਫਤਰ ਤਕ ਪਹੁੰਚੋ।
- ਕਿਸੇ ਵੀ ਲੋੜੀਂਦੀ ਰਿਕਵਰੀ ਸੇਵਾਵਾਂ ਤੋਂ ਇਲਾਵਾ, ਆਪਣੇ ਜ਼ਿਲ੍ਹੇ ਦੁਆਰਾ ਦਿੱਤੀ ਜਾਂਦੀ ਕਿਸੇ ਵੀ ਗਰਮੀਆਂ ਜਾਂ ਸਕੂਲੀ ਸਾਲ ਦੀ ਸਪਲੀਮੇਂਟਲ ਏਜੂਕੇਸ਼ਨ ਲੈਣ ਤੇ ਵਿਚਾਰ ਕਰੋ।
- ਗ੍ਰੈਜੂਏਸ਼ਨ ਅਤੇ ਟ੍ਰਾਂਜਿਸ਼ਨ ਬਾਰੇ ਜਾਣਕਾਰੀ ਲਈ ਟ੍ਰਾਂਜਿਸ਼ਨ ਸੇਵਾਵਾਂ (ਉਮਰ16 ਤੋਂ 21) 'ਤੇ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਸਪੈਸ਼ਲ ਐਜੂਕੇਸ਼ਨ ਫੈਮਿਲੀ ਪੇਜ' ਤੇ ਜਾਓ। ਤੁਸੀਂ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਵਿਖੇ ਸਪੇਸ਼ਲ ਏਜੂਕੇਸ਼ਨ ਨੂੰ ਈਮੇਲ ਵੀ ਕਰ ਸਕਦੇ ਹੋ ਜਾਂ 360-725-6075 ਤੇ ਕਾਲ ਕਰ ਸਕਦੇ ਹੋ।
- DDA ਸੇਵਾਵਾਂ ਬਾਰੇ ਗੱਲ ਕਰਨ ਲਈ ਰੋਡ ਡਨਕਨ ਨੂੰ Rod.Duncan@dshs.wa.gov ਤੇ ਸੰਪਰਕ ਕਰੋ
- ਹਾਈ ਸਕੂਲ ਟ੍ਰਾਂਜਿਸ਼ਨ ਵੈਬਪੇਜ ਤੇ DVR ਸੇਵਾਵਾਂ ਬਾਰੇ ਵਧੇਰੇ ਜਾਣੋ ਜਾਂ ਟੈਮੀ ਡੋਇਲ ਦੀ ਈਮੇਲ ਜਾਂ 509-368-1005 ਤੇ, ਟੈਮੀ ਡੋਇਲ, DVR ਟ੍ਰਾਂਜਿਸ਼ਨ ਮੈਨੇਜਰ ਤੇ ਨਾਲ ਸੰਪਰਕ ਕਰੋ।

Washington Office of Superintendent of
PUBLIC INSTRUCTION

32

ਤੁਹਾਡੇ ਵਿਦਿਆਰਥੀ ਦੀ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਤੁਹਾਡੇ ਵਿਦਿਆਰਥੀ ਦੀ ਤਰੱਕੀ, ਸੇਵਾਵਾਂ ਅਤੇ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਲਈ ਜ਼ਰੂਰਤਾਂ ਬਾਰੇ ਜਾਣਕਾਰੀ ਲਈ ਸਰਬੋਤਮ ਸਰੋਤ ਹੈ। ਤੁਸੀਂ ਸਵਾਲ ਅਤੇ ਚਿੰਤਾਵਾਂ ਪੁੱਛਣ ਲਈ ਆਪਣੇ ਜ਼ਿਲ੍ਹੇ ਦੇ ਵਿਸ਼ੇਸ਼ ਸਿੱਖਿਆ ਨਿਰਦੇਸ਼ਕ ਕੋਲ ਵੀ ਜਾ ਸਕਦੇ ਹੋ। ਤੁਹਾਡੇ ਵਿਦਿਆਰਥੀ ਨੂੰ ਤੁਹਾਡੇ ਸਕੂਲ ਜ਼ਿਲ੍ਹੇ ਦੁਆਰਾ ਪੇਸ਼ ਕੀਤੇ ਆਮ ਗਰਮੀ ਜਾਂ ਸਕੂਲ-ਸਾਲ ਦੇ ਸਪਲੀਮੇਂਟਲ ਪ੍ਰੋਗਰਾਮਾਂ ਤੋਂ ਲਾਭ ਮਿਲ ਸਕਦੇ ਹਨ, ਕਿਸੇ ਵੀ ਵਿਅਕਤੀਗਤ ਰਿਕਵਰੀ ਸੇਵਾਵਾਂ ਤੋਂ ਪਰੇ।

ਅੰਤ ਵਿੱਚ, ਅਸੀਂ OSPI [ਜਨਤਕ ਸਿੱਖਿਆ ਦੇ ਸੁਪਰਡੈਂਟ ਦਾ ਦਫਤਰ, Office of Superintendent of Public Education] ਸਪੈਸ਼ਲ ਐਜੂਕੇਸ਼ਨ ਫੈਮਲੀ ਪੇਜ ਨੂੰ 16 ਤੋਂ 21 ਸਾਲ ਦੀ ਉਮਰ ਦੇ ਵਿਦਿਆਰਥੀਆਂ ਲਈ ਟ੍ਰਾਂਜਿਸ਼ਨ ਸੇਵਾਵਾਂ ਦੀ ਜਾਣਕਾਰੀ ਨਾਲ ਅਪਡੇਟ ਕਰਾਂਗੇ। ਤੁਸੀਂ ਵਿਦਿਆਰਥੀ-ਸੰਬੰਧੀ ਸਵਾਲਾਂ ਨੂੰ speced@k12.wa.us ਤੇ ਵੀ ਈਮੇਲ ਕਰ ਸਕਦੇ ਹੋ ਜਾਂ ਸਾਡੇ ਦਫਤਰ ਵਿੱਚ 360-725-6075 ਤੇ ਕਾਲ ਕਰ ਸਕਦੇ ਹੋ।

# ਸਵਾਲ?



https://media.istockphoto.com/photos/red-flag-with-question-mark-on-map-background-3d-rendering-picture-id537276026

# ਪਰਿਵਾਰਾਂ ਵੱਲੋਂ ਅਕਸਰ ਪੁੱਛੇ ਜਾਣ ਵਾਲੇ ਸਵਾਲ

**ਸ: ਮੇਰਾ ਵਿਦਿਆਰਥੀ ਟ੍ਰਾਂਜਿਸ਼ਨ ਸੇਵਾਵਾਂ ਪ੍ਰਾਪਤ ਕਰਦਾ ਹੈ ਅਤੇ ਇਸ ਸਾਲ 21 ਸਾਲਾਂ ਦਾ ਹੋ ਗਿਆ ਹੈ। ਕੀ ਮੇਰਾ ਵਿਦਿਆਰਥੀ ਇਕ ਹੋਰ ਸਾਲ ਸਕੂਲ ਜਾ ਸਕੇਗਾ?**

**ਜ:** ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਉਨ੍ਹਾਂ ਵਿਦਿਆਰਥੀਆਂ ਲਈ ਉਪਲਬਧ ਹਨ ਜੋ 2019-20 ਜਾਂ 2020-21 ਸਕੂਲ ਸਾਲ ਦੌਰਾਨ 21 ਸਾਲ ਦੇ ਹੋ ਗਏ ਹੋਣ ਅਤੇ ਉਨ੍ਹਾਂ ਨੇ ਅਜੇ ਤੱਕ ਡਿਪਲੋਮਾ ਨਹੀਂ ਪ੍ਰਾਪਤ ਕੀਤਾ ਹੋਵੇ। IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਉਸਨੂੰ ਕਿਹੜੀ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਜ਼ਰੂਰਤ ਹੈ। ਕਿਸੇ ਵਿਦਿਆਰਥੀ ਲਈ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਕਿਸਮ ਕੋਵਿਡ ਤੋਂ ਪਹਿਲਾਂ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਅਤੇ ਟ੍ਰਾਂਜਿਸ਼ਨ ਪਲਾਨ ਅਤੇ ਵਰਤਮਾਨ ਪ੍ਰਗਤੀ ਦੇ ਵਿਚਕਾਰ ਪ੍ਰਗਤੀ ਵਿੱਚ ਫਾਸਲੇ ਦੇ ਅਧਾਰ ਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਦੁਆਰਾ ਵਿਅਕਤੀਗਤ ਤੌਰ ਤੇ ਲਏ ਗਏ ਫੈਸਲੇ ਹੁੰਦੇ ਹਨ।

**ਸ: ਮੇਰਾ ਵਿਦਿਆਰਥੀ ਜੂਨ 2020 ਵਿਚ ਗ੍ਰੈਜੂਏਟ ਹੋ ਜਾਵੇਗਾ। ਕੀ ਮੇਰੇ ਵਿਦਿਆਰਥੀ ਨੂੰ ਰਿਕਵਰੀ ਸੇਵਾਵਾਂ ਮਿਲ ਸਕਣਗੀਆਂ?**

**ਜ:** ਜੇ ਕੋਈ ਵਿਦਿਆਰਥੀ ਜੂਨ 2020 ਵਿਚ ਡਿਪਲੋਮਾ ਪ੍ਰਾਪਤ ਕਰਦਾ ਹੈ, ਤਾਂ ਵਿਦਿਆਰਥੀ ਹੁਣ ਪਬਲਿਕ ਸਕੂਲ ਡਿਸਟ੍ਰਿਕਟ ਤੋਂ ਸੇਵਾਵਾਂ ਜਾਂ ਸਹਾਇਤਾ ਲਈ ਯੋਗ ਨਹੀਂ ਹੁੰਦਾ। ਡਿਪਲੋਮਾ ਲੈਣ ਨਾਲ ਵਿਦਿਆਰਥੀ ਦੀ ਯੋਗਤਾ ਅਤੇ ਮੁਫਤ ਢੁਕਵੀਂ ਪਬਲਿਕ ਏਜੂਕੇਸ਼ਨ (free appropriate public education, FAPE) ਖਤਮ ਹੋ ਜਾਂਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਇਹ ਨਿਰਧਾਰਤ ਕਰਨ ਲਈ ਜਿੰਮੇਵਾਰ ਹੈ ਕਿ ਕਦੋਂ ਕੋਈ ਵਿਦਿਆਰਥੀ ਆਪਣੀਆਂ ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗਾ, ਜਿਸ ਵਿੱਚ ਨਾ ਸਿਰਫ ਕ੍ਰੈਡਿਟ ਅਤੇ ਗ੍ਰੈਜੂਏਸ਼ਨ ਪਾਥਵੇ ਹੁੰਦਾ ਹੈ, ਬਲਕਿ ਉਨ੍ਹਾਂ ਦੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟ੍ਰਾਂਜਿਸ਼ਨ ਯੋਜਨਾ ਅਤੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਚੇ ਵੀ ਸ਼ਾਮਲ ਹੁੰਦੇ ਹਨ। ਜਦੋਂ ਕੋਈ ਵਿਦਿਆਰਥੀ ਆਪਣਾ ਡਿਪਲੋਮਾ ਕਰ ਲੈਂਦਾ ਹੈ, ਇਸਦੀ ਵਜ੍ਹਾ ਇਹ ਹੈ ਕਿ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੇ ਇਹ ਨਿਸ਼ਚਤ ਕੀਤਾ ਹੈ ਕਿ ਉਨ੍ਹਾਂ ਨੇ ਗ੍ਰੈਜੂਏਸ਼ਨ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਲਈਆਂ ਹਨ ਅਤੇ ਇਹ ਕਿ ਉਨ੍ਹਾਂ ਨੂੰ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਸਮੇਤ ਕਿਸੇ ਵੀ ਅਤਿਰਿਕਤ ਸਪੇਸ਼ਲ ਏਜੂਕੇਸ਼ਨ ਸੇਵਾਵਾਂ ਦੀ ਜ਼ਰੂਰਤ ਨਹੀਂ ਹੈ। ਜੇ ਕੋਈ ਮਾਂ-ਪਿਓ ਜਾਂ ਬਾਲਗ ਵਿਦਿਆਰਥੀ ਅਜਿਹਾ ਵਿਦਿਆਰਥੀ ਜਿਸ ਨੇ ਡਿਪਲੋਮਾ ਪ੍ਰਾਪਤ ਕੀਤਾ ਸੀ, ਨੂੰ ਲਗਦਾ ਹੈ ਕਿ ਉਸਦਾ ਡਿਪਲੋਮਾ ਮੁਫਤ ਢੁਕਵੀਂ ਪਬਲਿਕ ਏਜੂਕੇਸ਼ਨ ਨੇ ਇਨਕਾਰ ਕਰ ਦਿੱਤਾ ਗਿਆ ਸੀ, ਤਾਂ ਉਹ ਵਿਵਾਦ ਹੱਲ ਕਰਨ ਦੇ ਵਿਕਲਪਾਂ ਨੂੰ ਅਪਨਾ ਸਕਦੇ ਹਨ।

# ਪਰਿਵਾਰਾਂ ਵੱਲੋਂ ਅਕਸਰ ਪੁੱਛੇ ਜਾਣ ਵਾਲੇ ਸਵਾਲ

**ਸ ਜੇ ਮੇਰਾ ਵਿਦਿਆਰਥੀ ਮਹਾਂਮਾਰੀ ਦੇ ਦੌਰਾਨ ਸੇਵਾਵਾਂ ਤੱਕ ਪਹੁੰਚਣ ਵਿੱਚ ਅਸਮਰੱਥ ਰਿਹਾ ਹੋਵੇ, ਤਾਂ ਫਿਰ? ਜੇ ਮੇਰਾ ਵਿਦਿਆਰਥੀ ਮਹਾਂਮਾਰੀ ਦੇ ਦੌਰਾਨ ਪਿੱਛੇ ਹੱਟ ਗਿਆ ਹੋਵੇ, ਤਾਂ ਕੀ ਹੋਵੇ?**

**ਜ:** ਹਦਾਇਤਾਂ, ਪ੍ਰਗਤੀ ਅਤੇ ਪ੍ਰਤੀਨਿਧੀ, ਖੁੰਝੀਆਂ ਸੇਵਾਵਾਂ, ਆਦਿ ਵਿੱਚ ਪਹੁੰਚ ਅਤੇ ਭਾਗੀਦਾਰੀ ਇਹ ਸਭ ਉਹ ਸਾਰੀ ਜਾਣਕਾਰੀ ਹੁੰਦੀ ਹੈ ਜਿਸ ਬਾਰੇ ਵਿਦਿਆਰਥੀ ਦੀ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਨੂੰ ਇਹ ਨਿਰਧਾਰਤ ਕਰਦੇ ਸਮੇਂ ਵਿਚਾਰ ਕਰਨਾ ਚਾਹੀਦਾ ਹੈ ਅਤੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਕਿ ਕੀ ਰਿਕਵਰੀ ਸੇਵਾਵਾਂ ਲੋੜੀਂਦੀਆਂ ਹਨ ਅਤੇ ਇਨ੍ਹਾਂ ਰਿਕਵਰੀ ਸੇਵਾਵਾਂ ਉੱਤੇ ਕੀ ਧਿਆਨ ਦਿੱਤਾ ਜਾਵੇਗਾ।

**ਸ: ਜੇ ਕੋਈ ਵਿਦਿਆਰਥੀ 21 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ, ਅਤੇ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਲੈ ਰਿਹਾ ਹੈ, ਤਾਂ ਕੀ ਵਿਦਿਆਰਥੀ ਨੂੰ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਮਿਲੇਗਾ? ਰਿਕਵਰੀ ਸੇਵਾਵਾਂ ਦਾ ਦਸਤਾਵੇਜ਼ੀਕਰਨ ਕਿੱਥੇ ਕੀਤਾ ਜਾਵੇਗਾ?**

**ਜ:** 21 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਕੋਲ ਹੁਣ ਕੋਈ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਨਹੀਂ ਰਹੇਗੀ, ਪਰ ਜੇ IEP [ਵਿਅਕਤੀਗਤ ਸਿੱਖਿਆ ਪ੍ਰੋਗਰਾਮ, Individualized Education Program] ਟੀਮ ਇਹ ਨਿਰਧਾਰਤ ਕਰਦੀ ਹੈ ਕਿ ਉਨ੍ਹਾਂ ਨੂੰ ਟ੍ਰਾਂਜਿਸ਼ਨ ਰਿਕਵਰੀ ਸੇਵਾਵਾਂ ਦੀ ਜ਼ਰੂਰਤ ਹੈ ਤਾਂ ਇਸ ਦਾ ਲਿਖਤ PWN [ਪਹਿਲੇ ਲਿਖਤੀ ਨੋਟਿਸ, Prior Written Notice] ਵਿੱਚ ਦਿੱਤਾ ਜਾਵੇਗਾ।




ਅਨਿਸ਼ਚਿਤ ਅਤੇ ਤੇਜ਼ੀ ਨਾਲ ਬਦਲ ਰਹੇ ਹਾਲਾਤਾਂ ਵਿੱਚ ਅਤੇ ਸਕੂਲ ਅਤੇ ਏਜੂਕੇਸ਼ਨਲ ਪਾਰਟਨਰ ਨਾਲ ਤੁਹਾਡੀ ਚੱਲ ਰਹੀ ਸਾਂਝੇਦਾਰੀ ਲਈ ਤੁਹਾਡੇ ਵਿਦਿਆਰਥੀਆਂ ਦੀ ਸਹਾਇਤਾ ਲਈ ਤੁਹਾਡੇ ਵੱਲੋਂ ਕੀਤੇ ਜਾ ਰਹੇ ਯਤਨਾਂ ਲਈ ਤੁਹਾਡਾ ਧੰਨਵਾਦ!

Washington Office of Superintendent of
PUBLIC INSTRUCTION



ਤਾਨੀਆ